ਦੱਸੋ, ਜੇ ਮੈਂ ਫਰਜ਼ ਨਮਾਜਾਂ ਪੜ੍ਹਦਾ ਰਹਾਂ, ਰਮਜ਼ਾਨ ਦੇ ਰੋਜ਼ੇ ਰੱਖਾਂ, ਹਲਾਲ ਨੂੰ ਹਲਾਲ ਸਮਝਾਂ, ਹਰਾਮ ਨੂੰ ਹਰਾਮ ਸਮਝਾਂ

“ਅਬੂ ਅਬਦੁੱਲਾਹ ਜਾਬਿਰ ਬਿਨ ਅਬਦੁੱਲਾਹ ਅਨਸਾਰੀ ਰਜ਼ੀਅੱਲਾਹੁ ਅਨਹੁਮਾ ਤੋਂ (ਰਿਵਾਇਤ ਹੈ):” “ਇੱਕ
ਆਦਮੀ ਨੇ ਰਸੂਲੁੱਲਾਹ صلى الله عليه وسلم ਤੋਂ ਪੁੱਛਿਆ: ਦੱਸੋ, ਜੇ ਮੈਂ ਫਰਜ਼ ਨਮਾਜਾਂ ਪੜ੍ਹਦਾ ਰਹਾਂ, ਰਮਜ਼ਾਨ ਦੇ
ਰੋਜ਼ੇ ਰੱਖਾਂ, ਹਲਾਲ ਨੂੰ ਹਲਾਲ ਸਮਝਾਂ, ਹਰਾਮ ਨੂੰ ਹਰਾਮ ਸਮਝਾਂ ਅਤੇ ਇਸ ਤੋਂ ਵੱਧ ਹੋਰ ਕੁਝ ਨਾ
ਕਰਾਂ, ਤਾਂ ਕੀ ਮੈਂ ਜੰਨਤ ਵਿੱਚ ਦਾਖਲ ਹੋ ਜਾਵਾਂਗਾ? ਉਹ صلى الله عليه وسلم ਨੇ ਫਰਮਾਇਆ: ‘ਹਾਂ।’”
[صحيح] [رواه مسلم]

ਇਸ ਹਦੀਸ ਵਿੱਚ ਨਬੀ ਕਰੀਮ صلى الله عليه وسلم ਦੱਸਦੇ ਹਨ ਕਿ ਜੋ ਵਿਅਕਤੀ ਪੰਜ ਫਰਜ਼ ਨਮਾਜ਼ਾਂ ਪੜ੍ਹੇ ਤੇ ਉਨ੍ਹਾਂ ਤੋਂ ਇਲਾਵਾ ਕੋਈ ਨਫਲ ਨਮਾਜ਼ ਨਾ ਪੜ੍ਹੇ; ਇਸੇ ਪ੍ਰਕਾਰ ਰਮਜ਼ਾਨ ਦੇ ਫਰਜ਼ ਰੋਜ਼ੇ ਰੱਖੇ ਤੇ ਕੋਈ ਨਫਲ ਰੋਜ਼ੇ ਨਾ ਰੱਖੇ; ਹਲਾਲ ਨੂੰ ਹਲਾਲ ਮੰਨਕੇ ਉਸ 'ਤੇ ਅਮਲ ਕਰੇ, ਅਤੇ ਹ਼ਰਾਮ ਨੂੰ ਹ਼ਰਾਮ ਮੰਨ ਕੇ ਉਸਤੋਂ ਬਚੇ — ਤਾਂ ਉਹ ਵਿਅਕਤੀ ਜੰਨਤ ਵਿੱਚ ਦਾਖਲ ਹੋਵੇਗਾ।

https://www.sunnah.global/hadeeth/pa/show/66525